# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ. 104-106, ਦੂਜੀ ਮੰਜ਼ਿਲ, ਸੈਕਟਰ 34 ਏ, ਚੰਡੀਗੜ੍ਹ।
ਫੋਨ ਨੰ. 0172- 2623207, 2621104, 2621106, ਫੈਕਸ: 2624687

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
   ਪੰਜਾਬ।
2. ਸਬੰਧਤ ਸਕੂਲਾਂ ਦੇ ਮੁੱਖੀ। (ਵੈਬਸਾਈਟ ਰਾਹੀਂ)

ਮੀਮੋ ਨੰ: 24/35/08/ਪੀ.ਈ.ਐਸ/ਕੋਚਿੰਗ/3625
ਮਿਤੀ: ..10.. ਜਨਵਰੀ, 2013.

**ਵਿਸ਼ਾ: ਮੈਡੀਕਲ ਅਤੇ ਨਾਨ-ਮੈਡੀਕਲ ਸਟ੍ਰੀਮ ਵਿੱਚ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਸਬੰਧੀ ਕਰੈਸ਼ ਪ੍ਰੋਗਰਾਮ ਦੂਜੇ ਸ਼ਨੀਵਾਰ ਮਿਤੀ 12 ਜਨਵਰੀ ਅਤੇ 9 ਫਰਵਰੀ 2013 ਨੂੰ ਜਾਰੀ ਰੱਖਣ ਬਾਰੇ।**
ਹਵਾਲਾ: ਪੱਤਰ ਨੰ. 24/35/08/ਪੀ.ਈ.ਐਸ/ਕੋਚਿੰਗ/3601 ਮਿਤੀ 31.12.2012.

ਹਵਾਲਾ ਅਧੀਨ ਪੱਤਰ ਰਾਹੀਂ ਉਪਰੋਕਤ ਵਿਸ਼ੇ ਸਬੰਧੀ ਐਜੂਸੈਟ ਰਾਹੀਂ ਵਿਸ਼ੇਸ਼ ਪ੍ਰੋਗਰਾਮ ਸਬੰਧੀ ਸੂਚਿਤ ਕੀਤਾ ਗਿਆ ਸੀ ਜੋ ਕਿ 01.01.2013 ਤੋਂ 28.02.2013 ਤੱਕ 12ਵੀਂ ਜਮਾਤ ਦੇ ਮੈਡੀਕਲ ਅਤੇ ਨਾਨ-ਮੈਡੀਕਲ ਦੇ ਵਿਦਿਆਰਥੀਆਂ ਲਈ ਚਲਾਇਆ ਜਾ ਰਿਹਾ ਹੈ। ਵਿਦਿਆਰਥੀਆਂ ਦੀ ਵਿਸ਼ੇਸ਼ ਰੁਚੀ ਅਤੇ ਉਹਨਾਂ ਦੇ ਫੀਡਬੈਕ ਅਨੁਸਾਰ ਹੁਣ ਇਹ ਪ੍ਰੋਗਰਾਮ ਦੂਜੇ ਸ਼ਨੀਵਾਰ ਛੁੱਟੀ ਵਾਲੇ ਦਿਨ ਵੀ ਉਪਰੋਕਤ ਮਿਤੀਆਂ ਨੂੰ ਸਵੇਰੇ 10:00 ਵਜੇ ਤੋਂ 02:30 ਵਜੇ ਤੱਕ ਜਾਰੀ ਰਹੇਗਾ। ਸਕੂਲ ਮੁੱਖੀ ਇਹ ਸੁਨਿਸ਼ਚਿਤ ਕਰਨ ਕਿ ਚਾਹਵਾਨ ਵਿਦਿਆਰਥੀ ਕਿਸੇ ਜਿੰਮੇਵਾਰ ਸਕੂਲ ਕਰਮਚਾਰੀਆਂ ਦੀ ਦੇਖ-ਰੇਖ ਵਿੱਚ ਐਜੂਸੈਟ ਰੂਮ ਵਿੱਚ ਇਹ ਪ੍ਰੋਗਰਾਮ ਅਟੈਂਡ ਕਰਨ। ਲੜਕੀਆਂ ਦੇ ਨਾਲ ਉਹਨਾਂ ਦੀ ਸਹਾਇਤਾ ਲਈ ਇੱਕ ਮਹਿਲਾ ਕਰਮਚਾਰੀ ਦੀ ਡਿਊਟੀ ਵੀ ਲਗਾਈ ਜਾਵੇ। ਸਕੂਲ ਦੇ ਇਹਨਾਂ ਕਰਮਚਾਰੀਆਂ ਨੂੰ ਇਸ ਸ਼ਨੀਵਾਰ ਡਿਊਟੀ ਕਰਨ ਦੇ ਬਦਲੇ ਅਗਲੇ ਹਫਤੇ ਦੇ ਪਹਿਲੇ ਕੰਮ ਵਾਲੇ ਦਿਨ ਨੂੰ ਇਵਜੀ ਛੁੱਟੀ ਦੇ ਦਿੱਤੀ ਜਾਵੇ। ਇਹ ਪ੍ਰੋਗਰਾਮ ਦੀ ਸ਼ਡਿਊਲ ਇਸ ਤਰ੍ਹਾਂ ਹੋਵੇਗੀ:

| ਮਿਤੀ | ਸਮਾ | | | ਵਿਸ਼ੇਸ਼ ਕਥਨ |
|---|---|---|---|---|
| | 10:00 ਤੋਂ 11:25 | 11:30 ਤੋਂ 12:55 | 01:00 ਤੋਂ 02:30 | |
| 12.01.2013 | ਹਿਸਾਬ | ਫਿਜ਼ਿਕਸ | ਕਮਿਸਟਰੀ | ਇਸ ਛੁੱਟੀ ਵਾਲੇ ਦਿਨ ਦੇ ਪ੍ਰੋਗਰਾਮ ਵਿੱਚ ਮੌਕ ਟੈਸਟ, ਪ੍ਰੋਬਲਮ ਡਿਸਕਸ਼ਨ ਵੀ ਹੋਵੇਗਾ। ਵਿਦਿਆਰਥੀ ਆਪਣੇ ਪ੍ਰਸ਼ਨ edusat.punjab@gmail.com ਅਤੇ gyan.sewa2012@gmail.com ਤੇ ਹੁਣ ਤੋਂ ਹੀ ਭੇਜ ਸਕਦੇ ਹਨ ਅਤੇ ਆਪਣਾ ਸੁਝਾਓ ਵੀ ਭੇਜ ਸਕਦੇ ਹਨ। |
| 09.02.2013 | ਹਿਸਾਬ | ਫਿਜ਼ਿਕਸ | ਕਮਿਸਟਰੀ | |

ਕਾਹਨ ਸਿੰਘ ਪੰਨੂ, ਆਈ.ਏ.ਐਸ
ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ: 24/35/08/ਪੀ.ਈ.ਐਸ/ਕੋਚਿੰਗ/3626 ਮਿਤੀ: 10.01.2013.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜਿਲ੍ਹਾ ਐਜੂਸੈਟ/ਸਰਕਲ ਕੋਆਰਡੀਨੇਟਰ, ਪੰਜਾਬ।
2. ਮੈਸਰਜ਼ ਗਿਆਨ ਸੇਵਾ ਟ੍ਰਸਟ।
3. ਸਟੂਡਿਓ ਇੰਜੀਨੀਅਰ, ਪੀ.ਈ.ਐਸ।
4. ਜੇ.ਈ. ਸਕੂਲ ਸਟੂਡਿਓ, ਪੀ.ਈ.ਐਸ।
5. ਸਮੂਹ ਵਿਸ਼ਾ ਮਾਹਿਰ, ਪੀ.ਈ.ਐਸ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਉਪਲਬਧ ਕਰਵਾਉਣ ਹਿੱਤ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ